# Code No. 1032

**CLASS : 11th (Eleventh)** **Series : 11-M/2019**

ਰੋਲ ਨੰ. ☐☐☐☐☐☐☐☐☐☐

# ਪੰਜਾਬੀ

## PUNJABI

(Only for Fresh/School Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **9** ਹਨ।*
- *ਪ੍ਰਸ਼ਨ-ਪੱਤਰ ਵਿੱਚ ਸਭਤੋਂ ਉੱਪਰ ਦਿੱਤੇ ਹੋਏ **ਕੋਡ ਨੰ.** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

ClassResult.in

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

## ਭਾਗ – ੳ

**1.** ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਅਲਫ ਅੱਲਾ ਚੰਬੇ ਦੀ ਬੂਟੀ, ਮੁਰਸ਼ਦ ਮਨ ਵਿੱਚ ਲਾਈ ਹੂ।
ਨਫ਼ੀ ਅਸਬਾਤ ਦਾ ਪਾਣੀ ਮਿਲੇ, ਸੁਹਰ ਰੰਗੇ ਹਰਜਾਈ ਹੂ।
ਅੰਦਰ ਬੂਟੀ ਮੁਸਕ ਮਚਾਇਆ ਜਾਂ ਫੁੱਲਣ ਪਰਆਈ ਹੂ।
ਜੀਵੇ ਮੁਰਸ਼ਦ ਕਾਮਲ ਬਾਹੂ, ਜੈ ਇਹ ਬੂਟੀ ਲਾਈ ਹੂ।

(ਅ) ਵਾਉ ਵਰਤਿਆ ਕੀ ਤੇਰੇ ਨਾਲ ਮਾਤਾ,
ਪੂਰਨ ਆਖਦਾ ਦਸ ਖਾਂ ਸਾਰ ਮੈਨੂੰ।
ਤੇਰੇ ਹੋਂਦੀ ਦੇ ਨੈਣ ਬਿਮੀਰ ਹੋਏ,
ਨਜਰ ਆਂਵਦਾ ਏ ਆਜ਼ਾਰ ਮੈਨੂੰ।
ਮਾਤਾ ਆਖਦੀ ਦੁੱਖ ਨਾ ਫੋਲ ਬੇਟਾ,
ਪਿਆ ਪੁੱਤ ਬੈਰਾਗ ਗੁਬਾਰ ਮੈਨੂੰ।
ਕਾਦਯਾਰ ਬੁਰੇ ਦੁੱਖ ਪੁੱਤਰਾਂ ਦੇ,
ਗਿਆ ਦਰਦ ਵਿਛੋੜੇ ਦਾ ਮਾਰ ਮੈਨੂੰ।



ClassResult.in

**2.** ਹੇਠ ਲਿਖਿਆਂ ਕਵਿਤਾਵਾਂ ਵਿੱਚੋਂ ਕਿਸੇ ***ਇੱਕ*** ਦਾ ਸਾਰ ਲਿਖੋ : 7

(ੳ) ਏ ਨੇਤ੍ਰ ਮੇਰਿਹ ਹਰਿ ਤੁਮ

(ਅ) ਬਿਪ ਸੁਦਾਮਾ ਦਾਲਦੀ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਘਰੋ ਗਏ ਫਰੰਗੀ ਦੇ ਮਾਰਨੇ ਨੂੰ' ਕਵਿਤਾ ਦਾ ਕਾਵਿ ਸੁਹਜ ਕੀ ਹੈ? 3

(ਅ) ਮੁਰੀਦ ਅਤੇ ਮੁਰਸ਼ਦ ਦੇ ਆਪਸੀ ਸੰਬੰਧਾਂ ਉਪਰ ਨੋਟ ਲਿਖੋ : (ਹੋਕਾ ਫਿਰੇ ਦੇਦਾਂ ਪਿੰਡ ਵਿੱਚ ਕਵਿਤਾ ਦੇ ਅਧਾਰ ਤੇ) 3

(ੲ) ਕਲੁ ਤੇ ਨਾਰਦ ਦਾ ਆਪਸ ਵਿੱਚ ਕੀ ਝਗੜਾ ਸੀ? 2

(ਸ) ਪ੍ਰਤੀਕ ਕਿਸ ਨੂੰ ਆਖਦੇ ਹਨ? 2

(ਹ) ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨ ਦਾ ਠੀਕ ਉੱਤਰ ਚੁਣੋ :

(i) ਗੁਰੂ ਰਾਮ ਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਰਾਗਾਂ ਵਿੱਚ ਦਰਜ ਹੈ? 1

(ੳ) ਤੀਹ (ਅ) ਇੱਕਤੀ

(ੲ) ਵੀਹ (ਸ) ਅਠ੍ਹਾਰਾਂ

**4.** ਹੇਠ ਲਿਖਿਆ ਕਹਾਣੀਆਂ ਵਿੱਚੋਂ ਕਿਸੇ ***ਇੱਕ*** ਦਾ ਸਾਰ ਲਿਖੋ : 7

(ੳ) ਸ਼ੇਰਨੀਆਂ

(ਅ) ਗਰਜਾਂ ਮਾਰੇ

ClassResult.in

**5.** (ੳ) ਮੰਗੋ ਕਹਾਣੀ ਦਾ ਵਿਸ਼ਾ-ਵਸਤੂ ਕੀ ਹੈ? 3

(ਅ) ਨੰਦੂ ਕਿਹੜੇ ਇਲਾਕੇ ਦਾ ਰਹਿਣ ਵਾਲਾ ਸੀ ਤੇ ਉਹਦੀ ਮਾਂ ਬੋਲੀ ਕਿਹੜੀ ਸੀ? 3

(ੲ) ਗੁੱਜਰ ਸ਼ੇਠ ਕੌਣ ਸੀ ? ਅਤੇ ਉਹ ਕੀ ਕੰਮ ਕਰਦੀ ਸੀ? 3

(ਸ) ਹੜਤਾਲਾਂ ਤੇ ਮੁਜਾਹਰਿਆਂ ਬਾਰੇ ਸਿਵਚਰਨ ਦੇ ਕੀ ਵਿਚਾਰ ਸਨ? 2

(ਹ) ਇੰਦਰ ਦੇ ਪੁੱਤਰ ਕੰਮ ਕਰਨ ਦੇ ਯੋਗ ਹੁੰਦੇ ਹੋਏ ਵੀ ਕੰਮ ਕਿਉਂ ਨਹੀਂ ਸਨ ਕਰਦੇ? (ਕਹਾਣੀ ਇਤ-ਭਰਵਾਸੇ) 2

(ਕ) ਬਾਗ ਦਾ ਮਾਲਕ ਲਾਲੂ ਸ਼ਾਹ ਬਾਰੂ ਨੂੰ ਗਾਲਾਂ ਕਿਉਂ ਕੱਢ ਰਿਹਾ ਸੀ? 2

**6.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸ਼ੁੱਧ ਉੱਤਰ ਲਿਖੋ :

(i) ਕਹਾਣੀ ਦੁੱਧ ਦੀਆਂ ਨਹਿਰਾਂ ਦੇ ਲੇਖਕ ਦਾ ਨਾਂ ਕੀ ਹੈ ? 1

(ੳ) ਰਸ਼ਿਮ (ਅ) ਗੁਰਦੇਵ ਸਿੰਘ ਰੁਪਾਣੀ

(ੲ) ਰਾਮ ਸਰੂਪ ਅਣਖੀ (ਸ) ਕੁਲਵੰਤ ਸਿੰਘ ਵਿਰਕ

(ii) 'ਦਸੌਂਧਾ ਸਿੰਘ' ਕਿਸ ਕਹਾਣੀ ਦਾ ਪਾਤਰ ਹੈ? 1

(ੳ) ਮੰਗੋ (ਅ) ਖੰਭ

(ੲ) ਸ਼ੇਰਨੀਆਂ (ਸ) ਗੋਈ

(iii) 'ਬਲਵਿੰਦਰ ਕੌਰ' ਕਿਸ ਕਹਾਣੀ ਦਾ ਪਾਤਰ ਹੈ? 1

(ੳ) ਖੰਭ (ਅ) ਮੰਗੋ

(ੲ) ਗੋਈ (ਸ) ਸ਼ੇਰਨੀਆਂ

ClassResult.in

**ਭਾਗ – ਅ**

**7.** (ੳ) ਅਲੰਕਾਰ ਕੀ ਹੈ? ਇਸ ਦੀਆਂ ਕਿੰਨੀਆਂ ਕਿਸਮਾਂ ਹਨ? 3

(ਅ) ਦੋਹਿਰਾ ਛੰਦ ਕੀ ਹੈ? ਇਸ ਦੇ ਲੱਛਣ ਦਸੋਂ। 3

(ੲ) ਤੁਕ ਕਿਸ ਨੂੰ ਆਖਦੇ ਹਨ? ਪਰਿਭਾਸ਼ਾ ਦਿਉ। 2

(ਸ) ਯਤਿ ਕਿਸ ਨੂੰ ਆਖਦੇ ਹਨ? ਪਰਿਭਾਸ਼ਾ ਲਿਖੋ। 2

(ਹ) ਉਪਮਾ ਅਲੰਕਾਰ ਦੀ ਪਰਿਭਾਸ਼ਾ ਦੱਸੋ। 2

(ਕ) ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

(i) ਗੁਰੂ ਦੀਆਂ ਕਿੰਨੀਆਂ ਮਾਤਰਾਵਾਂ ਗਿਣੀਆਂ ਜਾਂਦੀਆ ਹਨ? 1

(ੳ) ਇੱਕ (ਅ) ਦੋ

(ੲ) ਤਿੰਨ (ਸ) ਚਾਰ

(ii) ਬੈਂਤ ਛੰਦ ਦੀਆ ਕਿੰਨੀਆ ਮਾਤਰਾਵਾਂ ਹੁੰਦੀਆ ਹਨ? 1

(ੳ) 40 (ਅ) 30

(ੲ) 35 (ਸ) 39

(iii) ਰੂਪਕ ਅਲੰਕਾਰ ਕਿੰਨੇ ਪ੍ਰਕਾਰ ਦੇ ਹਨ? 1

(ੳ) ਤਿੰਨ (ਅ) ਦੋ

(ੲ) ਚਾਰ (ਸ) ਪੰਜ

ClassResult.in

**8.** ਹੇਠ ਲਿਖੇ ਪ੍ਰਸਨਾਂ ਦੇ ਉੱਤਰ ਲਿਖੋ :

(ੳ) ਨਾਵਲ ਕੀ ਹੈ? ਇਸ ਦੇ ਤੱਤਵ ਦਸੋ। 7

**ਜਾਂ**

ਕਿੱਸਾ ਕੀ ਹੈ? ਇਸ ਦੀ ਪਰਿਭਾਸਾ ਤੇ ਤੱਤਵਾਂ ਬਾਰੇ ਜਾਣਕਾਰੀ ਦਿਉ।

(ਅ) ਸਲੋਕ ਕੀ ਹੈ? ਇਸ ਦੀ ਪਰਿਭਾਸ਼ਾ ਦੱਸੋ। 2

(ੲ) ਨਿੱਕੀ ਕਹਾਣੀ ਦੀ ਪਰਿਭਾਸਾ ਦੱਸੋ। 2

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

(i) 'ਪਵਿੱਤਰ ਪਾਪੀ' ਨਾਵਲ ਦੇ ਲੇਖਕ ਦਾ ਨਾਂ ਦਸੋ : 1

(ੳ) ਨਾਨਕ ਸਿੰਘ

(ਅ) ਭਾਈ ਵੀਰ ਸਿੰਘ

(ੲ) ਸੰਤ ਸਿੰਘ ਸੇਖੋਂ

(ਸ) ਅੰਮ੍ਰਿਤਾ ਪ੍ਰੀਤਮ

(ii) 'ਲੋਹਾ ਕੁੱਟ' ਨਾਟਕ ਕਿਸ ਨਾਟਕਾਰ ਦਾ ਲਿਖਿਆ ਹੋਇਆ ਹੈ? 1

(ੳ) ਸੰਤ ਸਿੰਘ ਸੇਖੋਂ

(ਅ) ਬਲਵੰਤ ਗਾਰਗੀ

(ੲ) ਅਜਮੇਰ ਔਲਖ

(ਸ) ਕਪੂਰ ਸਿੰਘ ਘੁੰਮਣ

ClassResult.in

(iii) ਸੱਤਾਵਾਰਾਂ ਦੇ ਨਾਂ ਉਤੇ ਰਚੀ ਛੰਦਾ ਦੀ ਲੜੀ ਨੂੰ ਕੀ ਆਖਦੇ ਹਨ ? 1

(ੳ) ਅੱਠਵਾਰਾਂ (ਅ) ਵਾਰ

(ੲ) ਸਤਵਾਰਾਂ (ਸ) ਕਿੱਸਾ

(iv) 'ਦੁੱਧ ਦਾ ਛੱਪੜ' ਕਹਾਣੀ ਸੰਗ੍ਰਹਿ ਕਿਸ ਲੇਖਕ ਦਾ ਲਿਖਿਆ ਹੋਇਆ ਹੈ ? 1

(ੳ) ਕਰਤਾਰ ਸਿੰਘ ਦੁੱਗਲ

(ਅ) ਨਾਨਕ ਸਿੰਘ

(ੲ) ਸੰਤੋਖ ਸਿੰਘ ਧੀਰ

(ਸ) ਕੁਲਵੰਤ ਸਿੰਘ ਵਿਰਕ

ClassResult.in